ਅੱਲਾਹ ਦੇ ਨਬੀ ਦੋ ਸੱਜਦਿਆਂ ਦੇ ਵਿਚਕਾਰ ਇਹ ਦੁਆ ਪੜ੍ਹਦੇ ਸਨ: "ਰੱਬਿਗ਼ ਫਿਰਲੀ, ਰੱਬਿਗ਼ ਫਿਰਲੀ।" (ਹੇ ਮੇਰੇ ਰੱਬ! ਮੈਨੂੰ ਮਾਫ਼ ਕਰ ਦੇ, ਹੇ ਮੇਰੇ ਰੱਬ! ਮੈਨੂੰ ਮਾਫ਼ ਕਰ ਦੇ।)

ਹੁਜ਼ੈਫਾ (ਰਜ਼ੀਅੱਲਾਹੁ ਅਨਹੁ) ਤੋਂ ਰਿਵਾਇਤ ਹੈ ਕਿ: ਅੱਲਾਹ ਦੇ ਨਬੀ ਦੋ ਸੱਜਦਿਆਂ ਦੇ ਵਿਚਕਾਰ ਇਹ ਦੁਆ ਪੜ੍ਹਦੇ ਸਨ: "ਰੱਬਿਗ਼ ਫਿਰਲੀ, ਰੱਬਿਗ਼ ਫਿਰਲੀ।" (ਹੇ ਮੇਰੇ ਰੱਬ! ਮੈਨੂੰ ਮਾਫ਼ ਕਰ ਦੇ, ਹੇ ਮੇਰੇ ਰੱਬ! ਮੈਨੂੰ ਮਾਫ਼ ਕਰ ਦੇ।)

[صحيح] [رواه أبو داود والنسائي وابن ماجه وأحمد]

ਅੱਲਾਹ ਦੇ ਨਬੀ ਦੋ ਸਜਦਿਆਂ ਦੇ ਵਿਚਕਾਰ ਜਲ਼ਸੇ (ਬੈਠਕ) ਵਿੱਚ ਇਹ ਦੁਆ ਪੜ੍ਹਦੇ ਅਤੇ ਇਸਨੂੰ ਵਾਰ-ਵਾਰ ਦੁਹਰਾਉਂਦੇ: "رَبِّ اغْفِرْ لِي، رَبِّ اغْفِرْ لِي - ਰੱਬਿਗ਼ ਫਿਰਲੀ, ਰੱਬਿਗ਼ ਫਿਰਲੀ" (ਹੇ ਮੇਰੇ ਰੱਬ! ਮੈਨੂੰ ਮਾਫ਼ ਕਰ ਦੇ, ਹੇ ਮੇਰੇ ਰੱਬ! ਮੈਨੂੰ ਮਾਫ਼ ਕਰ ਦੇ)। "ਰੱਬਿਗ਼ ਫਿਰਲੀ" ਇਸ ਦੁਆ ਰਾਹੀਂ ਬੰਦਾ ਆਪਣੇ ਰੱਬ ਤੋਂ ਇਸ ਗੱਲ ਦੀ ਬੇਨਤੀ ਕਰਦਾ ਹੈ ਕਿ ਉਹ ਉਸਦੇ ਗੁਨਾਹ ਮਾਫ਼ ਕਰ ਦੇਵੇ ਅਤੇ ਉਸ ਦੀਆਂ ਗਲਤੀਆਂ ਤੇ ਕਮੀਆਂ 'ਤੇ ਪਰਦਾਹ ਪਾ ਦੇਵੇ (ਭਾਵ ਲੁਕੋ ਦੇਵੇ)।

http://sunnah.global/hadeeth/pa/show/65104